# ਪੀੜ੍ਹੀਆਂ

(ਨਾਟਕ ਸ਼ੁਰੂ ਹੋਣ ’ਤੇ ਕੈਨਡਾ ਵਿਚ ਵੱਸਦੇ ਇਕ ਪੰਜਾਬੀ ਘਰ ਦਾ ਆਲਾ ਦੁਆਲਾ। ਸੁਰਜੀਤ ਕੌਰ ਕਰਸੀ ’ਤੇ ਬੈਠੀ ਹੈ। ਗੁਰਦੇਵ ਸਿੰਘ ਗੁੱਸੇ ਵਿਚ ਏਧਰ ਉਧਰ ਘੁੰਮ ਰਿਹਾ ਹੈ।)

ਮਾਂ : ਤੁਸੀਂ ਬੈਠ ਜਾਓ, ਇਸ ਤਰ੍ਹਾਂ ਕਿੰਨੀ ਦੇਰ ਟਹਿਲਦੇ ਰਵੋਗੇ ?

ਬਾਪ : ਜਿੰਨੀ ਦੇਰ ਤੇਰੀ ਉਹ ਕੁਲੱਛਣੀ ਧੀ ਵਾਪਸ ਨਹੀਂ ਆਉਂਦੀ।

ਮਾਂ : ਕੁਲੱਛਣੀ ? ਉਹਨੇ ਕੀ ਕੁਲੱਛਣ ਕੀਤਾ ਏ ?

ਬਾਪ : ਇਸਤੋਂ ਵੱਡਾ ਕੁਲੱਛਣ ਕੀ ਹੋ ਸਕਦਾ ਏ ਕਿ ਉਹ ਆਪਣੇ ਬਾਪ ਨੂੰ ਕਹੇ, ਡੈਡੀ I do not like you, ਤੁਸੀਂ ਇਨਸਾਨ ਦੀ ਸ਼ਕਲ ਵਿਚ ਇਕ ਵਹਿਸ਼ੀ ਹੈਵਾਨ ਹੋ।

ਮਾਂ : ਉਹਨੇ ਤੇ ਇਹ ਲਫਜ਼ ਨਹੀਂ ਸਨ ਵਰਤੇ।

ਬਾਪ : ਨਹੀਂ ਵਰਤੇ, ਪਰ ਅੰਗਰੇਜ਼ੀ ਵਿਚ ਜੋ ਕੁਝ ਉਹਨੇ ਕਿਹਾ, ਉਹਦਾ ਇਹੀ ਮਤਲਬ ਸੀ ਅਤੇ ਇਹ ਸਭ ਤੇਰੇ ਪਿਆਰ ਦਾ ਅਸਰ ਹੈ, ਤੂੰ ਹੀ ਉਹਨੂੰ ਸਿਰੇ ਚੜ੍ਹਾਇਆ ਹੋਇਆ ਏ।

ਮਾਂ : ਮੇਰੇ ਪਿਆਰ ਦਾ ਅਸਰ ਨਹੀਂ, ਉਹ ਜੋ ਕੁਝ ਸਾਹਮਣੇ ਵੇਖਦੀ ਏ, ਉਹੀ ਉਸਨੇ ਕਿਹਾ ਏ। ਜੇਕਰ ਮੈਂ ਸਾਰੀ ਉਮਰ ਕੁਝ ਨਹੀਂ ਕਿਹਾ ਤਾਂ ਇਹਦਾ ਇਹ ਮਤਲਬ ਨਹੀਂ ਕਿ ਉਹ ਵੀ ਕੁਝ ਨਾ ਕਹੇ – ਮੈਂ ਤੁਹਾਨੂੰ ਇਹ ???

ਬਾਪ : ਜੇ ਤੂੰ ਪਤਨੀ ਦੇ ਰੂਪ ਵਿਚ ਬਰਦਾਸ਼ਤ ਕੀਤਾ ਏ ਤਾਂ ਉਹਨੂੰ ਵੀ ਧੀ ਦੇ ਰੂਪ ਵਿਚ ਬਰਦਾਸ਼ਤ ਕਰਨਾ ਪਵੇਗਾ, ਇਹ ਸਾਡੇ ਬਾਪ ਦਾਦਿਆਂ ਦਾ ਸਭਿਆਚਾਰ ਏ।

ਮਾਂ : ਉਹ ਪੜ੍ਹੀ ਲਿਖੀ ਏ, ਇਕ ਨਵੀਂ ਸਭਿਅਤਾ ਵਿਚ ਜੰਮੀ ਪਲੀ ਏ, ਜ਼ਰੂਰੀ ਨਹੀਂ ਕਿ ਉਹ ਬਾਪ ਦਾਦਿਆਂ ਦਾ ਸਭਿਆਚਾਰ ਅਪਣਾਏ।

ਬਾਪ : ਹਾਂ ਨਵੀਂ ਸਭਿਅਤਾ, ਜਿਸ ਵਿਚ ਧੀ ਬਾਪ ਦੀ ਇੱਜ਼ਤ ਨਾ ਕਰੇ, ਸਗੋਂ ਉਹਨੂੰ ਹੋਰ ਹੋਰ ਵਿਸ਼ੇਸ਼ ਨਾਂ ਨਾਲ ਸੰਬੋਧਨ ਕਰੇ, ਉਹ ਵਿਸ਼ੇਸ਼ਨ ਜੋ ਕੋਈ ਘਟੀਆ ਇਨਸਾਨ ਲਈ ਵਰਤਦਾ ਹੈ। ਹਾਂ ਮੈਂ ਇਹ ਘਟੀਆ ਇਨਸਾਨ ਹਾਂ ਤੇ ਮੈਂ ਤੇਰੀ ਉਸ ਧੀ ਨੂੰ ਸਿਖਾ ਦੇਵਾਂਗਾ ਕਿ ਇਕ ਘਟੀਆ ਇਨਸਾਨ ਇਕ ਕੁਲੱਛਣੀ ਨਾਲ ਕਿਸ ਤਰ੍ਹਾਂ ਵਰਤਾਓ ਕਰਦਾ ਹੈ, ਤੈਨੂੰ ਤਾਂ ਇਹਦਾ ਪਤਾ ਹੀ ਏ।

ਮਾਂ : ਹਾਂ ਪਤਾ ਏ ਤੇ ਅੱਜ ਦਾ ਪਤਾ ਨਹੀਂ, 20 ਸਾਲ ਦਾ ਪਤਾ ਏ। 20 ਸਾਲ ਮੈਂ ਇਹੀ ਸਿੱਖੀ ਹਾਂ ਕਿ ਤੁਹਾਡੀ ਹਰ ਜ਼ਿਆਦਤੀ ਨੂੰ ਬਰਦਾਸ਼ਤ ਕਰਾਂ। ਤੁਹਾਡੇ ਲਗਾਏ ਹੋਏ ਜ਼ਖਮ ਨੂੰ ਬਗ਼ੈਰ ਸੀ ਕੀਤੇ ਬਰਦਾਸ਼ਤ ਕਰਾਂ। ਲੋਹੇ ਦੀ ਫੈਕਟਰੀ ਵਿਚ ਕੰਮ ਕਰਦੇ ਤੁਸੀਂ ਲੋਹਾ ਬਣ ਗਏ ਤੇ ਇਹ ਲੋਹੇ ਦੀ ਸਖ਼ਤੀ ਮੈਂ ਆਪਣੇ ਜਿਸਮ 'ਤੇ ਬਰਦਾਸ਼ਤ ਕੀਤੀ, ਲੋਹੇ ਦੀਆਂ ਸਲਾਖਾਂ ਜਿਨ੍ਹਾਂ ਦੀ ਮਾਰ ਦੀਆਂ ਨਿਸ਼ਾਨੀਆਂ ਹਾਲੀ ਵੀ ਮੇਰੇ ਜਿਸਮ 'ਤੇ ਨੇ। ਲੋਹੇ ਵਰਗੇ ਹੱਥ, ਜਿਨ੍ਹਾਂ ਨੇ ਕਦੀ ਵੀ ਮੇਰੇ ਜਿਸਮ ਨੂੰ ਪਿਆਰ ਨਾਲ ਨਹੀਂ ਛੂਹਿਆ ਤੇ ਇਸ ਲੋਹੇ ਦੇ ਪਿਆਰ ਵਿਚੋਂ ਹੀ ਰਵੀ ਨੇ ਜਨਮ ਲਿਆ।

ਬਾਪ : ਤਾਂ ਹੀ ਉਹ ਲੋਹੇ ਵਰਗੀ ਸਖ਼ਤ ਤੇ ਸੁੱਖੀ ਏ। ਕਦੀ ਵੀ ਪਿਆਰ ਨਾਲ ਬਾਪ ਦੀ ਗੋਦ ਵਿਚ ਨਹੀਂ ਬੈਠੀ। ਕਦੀ ਵੀ ਪਿਆਰ ਨਾਲ ਮੇਰੀ ਬੁੱਕਲ ਵਿਚ ਨਹੀਂ ਆਈ।

ਮਾਂ : ਨਹੀਂ, ਇਸਦੇ ਉਲਟ ਕਦੀ ਬਾਪ ਨੇ ਉਹਨੂੰ ਪਿਆਰ ਨਾਲ ਗੋਦ ਵਿਚ ਨਹੀਂ ਬਿਠਾਇਆ, ਕਦੇ ਪਿਆਰ ਨਾਲ ਬੁੱਕਲ ਵਿਚ ਨਹੀਂ ਲਿਆ। ਪਰ ਪਿਆਰ ਨਾਲ ਗੋਦ ਵਿਚ ਬਿਠਾਇਆ ਕਦੋਂ ? ਪੱਬ ਤੋਂ ਗਲਾਸੀ ਤੋਂ ਵਿਹਲ ਹੀ ਕਦ ਮਿਲੀ ਤੁਹਾਨੂੰ ? ਇਕ ਸ਼ਰਾਬੀ ਬਾਪ ਜਿਸਦੇ ਮੂੰਹ ਵਿਚ ਸ਼ਰਾਬ ਦੀ ਬੋ ਆਉਂਦੀ ਹੋਵੇ, ਉਹ ਧੀ ਨੂੰ ਕਲਾਵੇ ਵਿਚ ਕਿਵੇਂ ਲੈ ਸਕਦਾ ਹੈ ? ਧੀ ਦੇ ਸਿਰ 'ਤੇ ਪਿਆਰ ਨਾਲ ਨਿੱਘਾ ਹੱਥ ਕਿਵੇਂ ਰੱਖ ਸਕਦਾ ਹੈ ? ਇਹ ਹੈ ਕਿ ਰਵੀ ਤੁਹਾਨੂੰ ਦਿਲੋਂ ਚੰਗਾ ਨਹੀਂ ਸਮਝਦੀ।

ਬਾਪ : ਨਹੀਂ ਸਮਝਦੀ ਏ ਤਾਂ ਨਾ ਸਮਝੇ, ਪਰ ਇਕ ਗਲ ਏ ਕਿ ਉਹ ਮੇਰੀ ਧੀ ਏ ਤੇ ਜੋ ਕੁਝ ਮੈਂ ਚਾਹਵਾਂਗਾ, ਉਹ ਉਹਨੂੰ ਕਰਨਾ ਪਵੇਗਾ ਅਤੇ ਇਹ ਤੈਨੂੰ ਦੱਸਣ ਦੀ ਲੋੜ ਨਹੀਂ, ਕਿਉਂਕਿ ਤੂੰ ਵੀ ਸਾਰੀ ਉਮਰ ਉਹੀ ਕੀਤਾ ਜੋ ਮੈਂ ਤੈਨੂੰ ਕਰਨ ਲਈ ਕਿਹਾ ਤੇ ਜਦੋਂ ਤੂੰ ਨਹੀਂ ਕੀਤਾ, ਉਹਦਾ ਹਸ਼ਰ ਵੀ ਤੂੰ ਜਾਣਦੀ ਏਂ। ਹੁਣ ਵੀ ਮੇਰੇ ਹੱਥਾਂ ਵਿਚ ਉਹੀ ਤਾਕਤ ਏ ਜੋ ਲੋਹੇ ਦਾ ਕੰਮ ਕਰਨ ਵਾਲੇ ਦੇ ਹੱਥਾਂ ਵਿਚ ਹੁੰਦੀ ਏ।

*(ਰਵੀ ਆਖਰੀ ਵਾਰਤਾਲਾਪ ਸੁਣ ਲੈਂਦੀ ਹੈ।)*

ਰਵੀ : ਤੇ ਡੈਡੀ, ਤੁਸੀਂ ਵੀ ਸਮਝ ਲਵੋ ਕਿ ਰਵੀ ਆਪਣੀ ਮਾਂ ਦੀ ਧੀ ਜ਼ਰੂਰ ਏ, ਪਰ ਆਪਣੀ ਮਾਂ ਵਾਂਗ ਹੁਣ ਉਹ ਬੱਚੀ ਨਹੀਂ ਕਿ ਆਪਣੀ ਮਾਂ ਨੂੰ ਸ਼ਰਾਬ ਵਿਚ ਧੁੱਤ ਹੋਏ ਡੈਡੀ ਕੋਲੋਂ ਮਾਰ ਖਾਂਦੀ ਦੇਖਕੇ ਇਕ ਨੁੱਕਰ ਵਿਚ ਲੁੱਕ ਜਾਏ।

ਮਾਂ : ਰਵੀ, ਤੂੰ ਚੁੱਪ ਰਹਿ, ਆਪਣੇ ਕਮਰੇ ਵਿਚ ਜਾ।

ਰਵੀ : ਨਹੀਂ ਮਾਂ, ਹੁਣ ਮੈਂ ਚੁੱਪ ਨਹੀਂ ਰਹਿ ਸਕਦੀ।

ਬਾਪ : ਨਹੀਂ ਉਹ ਚੁੱਪ ਨਹੀਂ ਰਹਿ ਸਕਦੀ। ਤੇ ਤੂੰ ਰਵੀ ਦੀ ਮਾਂ ਕਹਿੰਦੀ ਏ ਕਿ ਇਹ ਆਪਣੇ ਕਮਰੇ ਵਿਚ ਚਲੀ ਜਾਏ – ਕਿਹੜੇ ਕਮਰੇ ਵਿਚ ? ਇਸ ਘਰ ਵਿਚ ਇਹਦਾ ਕੋਈ ਕਮਰਾ ਨਹੀਂ – ਹਾਂ ਜਿਸ ਤਰ੍ਹਾਂ ਇਹ ਬੋਲਦੀ ਏ ਇਹਦੇ ਲਈ ਇਥੇ ਘਰ ਵਿਚ ਕੋਈ ਥਾਂ ਨਹੀਂ, ਕੋਈ ਕਮਰਾ ਨਹੀਂ।

ਰਵੀ : ਮੈਨੂੰ ਤੁਹਾਡੇ ਘਰ ਦੇ ਕਿਸੇ ਕਮਰੇ ਦੀ ਲੋੜ ਵੀ ਨਹੀਂ, ਡੈਡੀ, ਘਰ ਸਿਰਫ ਸਿਰ ਦੀ ਛੱਤ ਨਹੀਂ ਹੁੰਦਾ, ਸਗੋਂ ਘਰ ਉਹ ਹੁੰਦਾ ਹੈ ਜਿਸ ਵਿਚ ਘਰ ਵਾਲੀ ਨਿਘ ਹੋਵੇ। ਮੈਂ ਤੁਹਾਡੇ ਉਸ ਘਰ ਵਿਚ ਰਹੀ ਹਾਂ, ਜਦੋਂ ਇਹ ਬੇਸਮੈਂਟ ਵਿਚ ਇਕ ਛੋਟਾ ਕਮਰਾ ਹੁੰਦਾ ਸੀ ਤੇ ਇਸ ਘਰ ਵਿਚ ਵੀ ਹੁਣ ਜਿਹੜਾ ਇਕ ਅਪਾਰਟਮੈਂਟ ਹੈ, ਪਰ ਨਾ ਹੀ ਉਹ ਮੇਰੇ ਲਈ ਘਰ ਸੀ ਤੇ ਨਾ ਹੀ ਇਹ ਘਰ ਮੇਰੇ ਲਈ ਘਰ ਏ ਪਰ ਮੈਂ ਉਹ ਘਰ ਵਿਚ ਵੀ ਤੇ ਇਸ ਘਰ ਵਿਚ ਵੀ ਤਾਂ ਰਹਿੰਦੀ ਹਾਂ ਕਿਉਂਕਿ ਮੇਰੀ ਮਾਂ ਇਸ ਘਰ ਵਿਚ ਏ। ਜੇ ਮੈਂ ਜਾਵਾਂਗੀ ਤਾਂ ਮਾਂ ਨੂੰ ਨਾਲ ਲੈਕੇ ਜਾਵਾਂਗੀ।

ਮਾਂ : ਨਾ ਧੀਏ, ਇੰਞ ਨਾ ਕਹਿ, ਮੈਂ ਜੀਂਦੇ ਜੀ ਇਸ ਘਰ ਨੂੰ ਕਿਸ ਤਰ੍ਹਾਂ ਛੱਡ ਸਕਦੀ ਹਾਂ ?

ਰਵੀ : ਮਾਂ ਮੈਂ ਤੈਨੂੰ ਇਥੇ ਨਹੀਂ ਛੱਡ ਸਕਦੀ। ਮੈਂ ਇਸ ਯੋਗ ਜ਼ਰੂਰ ਹਾਂ ਕਿ ਆਪਣਾ ਗੁਜ਼ਾਰਾ ਕਰ ਸਕਾਂ ਤੇ ਤੇਰੀ ਸੇਵਾ ਕਰ ਸਕਾਂ।

ਮਾਂ : ਨਾ ਧੀਏ ਮੈਨੂੰ ਮੇਰੇ ਫਰਜ਼ਾਂ ਤੋਂ ਲਾਂਭੇ ਨਾ ਕਰ।

ਬਾਪ : ਇਹ ਮਾਵਾਂ ਧੀਆਂ ਤੁਸੀਂ ਚੰਗਾ ਡਰਾਮਾ ਕਰ ਰਹੀਆਂ ਹੋ, ਪਰ ਮੇਰੇ ਤੇ ਇਹਦਾ ਕੋਈ ਅਸਰ ਨਹੀਂ ਤੇ ਰਵੀ ਇਥੇ ਤਾਂ ਹੀ ਰਹਿ ਸਕਦੀ ਏ ਜੇ ਇਹ ਮੇਰੀ ਸਵੇਰ ਵਾਲੀ ਪਰੋਪੋਜ਼ਲ ਮੰਨ ਲਵੇ, ਮੈਂ ਉਹਨਾਂ ਨਾਲ ਵਾਅਦਾ ਕੀਤਾ ਹੈ ਤੇ ਉਹਨਾਂ ਨੇ ਇਹ ਰਿਸ਼ਤਾ ਆਪ ਮੰਗਿਆ ਹੈ।

ਰਵੀ : ਤੇ ਡੈਡੀ, ਮੈਂ ਤੁਹਾਨੂੰ ਸਵੇਰੇ ਵੀ ਆਖ ਦਿੱਤਾ ਸੀ ਕਿ ਮੈਨੂੰ ਤੁਹਾਡੀ ਉਸ ਪਰਪੋਜ਼ਲ ਵਿਚ ਕੋਈ ਦਿਲਚਸਪੀ ਨਹੀਂ।

ਬਾਪ : ਤੂੰ ਪੜ੍ਹ ਲਿਖਕੇ ਇਹੋ ਸਿਖਿਆ ਏ ਕਿ ਆਪਣੇ ਬਾਪ ਨਾਲ ਇਸ ਤਰ੍ਹਾਂ ਬੋਲੇਂ।

ਰਵੀ : ਮੈਂ ਸਿਖਿਆ ਹੈ ਕਿ ਆਪਣੇ ਰਾਈਟਜ਼ ਲਈ ਲੜਾਂ ਤੇ ਇਹ ਰਾਇਟਜ਼ ਖੋਹਣ ਵਾਲਿਆਂ ਦੇ ਖਿਲਾਫ ਸੰਘਰਸ਼ ਕਰਾਂ। ਉਹ ਰਾਇਟਜ਼ ਖੋਹਣ

ਵਾਲਾ ਮੇਰਾ ਬਾਪ ਵੀ ਕਿਉਂ ਨਾ ਹੋਵੇ, ਤੇ ਡੈਡੀ ਜਿਸ ਜਗਦੀਪ ਨਾਲ ਤੁਸੀਂ ਮੇਰਾ ਰਿਸ਼ਤਾ ਜੋੜਣਾ ਚਾਹੁੰਦੇ ਹੋ ਉਸਦੇ ਬਾਰੇ ਮੈਨੂੰ ਪੂਰੀ ਤਰ੍ਹਾਂ ਪਤਾ ਏ ਉਹ ਅਮਰੀਜ਼ਾਦੇ ਲੋਫਰ ਦੀਆਂ ਗਰਲਫਰੈਂਡਜ਼ ਬਾਰੇ ਵੀ ਪਤਾ ਏ, ਉਹ ਗੋਰੀਆਂ ਵੀ ਨੇ ਤੇ ਇੰਡੀਅਨਜ਼ ਵੀ ਨੇ। ਮੈਂ ਇਕ ਲੋਫਰ ਅਵਾਰਾਗਰਦ ਨਾਲ ਆਪਣੀ ਕਿਸਮਤ ਨਹੀਂ ਜੋੜ ਸਕਦੀ।

ਬਾਪ : ਜੇ ਉਹ ਅਵਾਰਾਗਰਦ ਤੇ ਲੋਫਰ ਏ ਤਾਂ ਸਤੀ ਸਵਿੱਤ੍ਰੀ ਤੂੰ ਵੀ ਨਹੀਂ, ਮੇਰੇ ਕੋਲੋਂ ਭੁੱਲੀ ਹੋਈ ਨਹੀਂ ਤੂੰ।

ਮਾਂ : ਇਹ ਤੁਸੀਂ ਕੀ ਕਹਿ ਰਹੇ ਹੋ ?

ਰਵੀ : ਬੀਜੀ ਡੈਡੀ ਨੂੰ ਕਹਿ ਲੈਣ ਦਿਓ, ਜੋ ਕਹਿਣਾ ਚਹੁੰਦੇ ਨੇ, ਮੈਂ ਵੀ ਬਹੁਤ ਕੁਝ ਕਹਿਣਾ ਏ, ਭੁੱਲੇ ਡੈਡੀ ਵੀ ਮੇਰੇ ਕੋਲੋਂ ਨਹੀਂ।

ਬਾਪ : ਵੇਖੀ ਏ ਪੱਛਮੀ ਸਭਿਅਤਾ ਦੀ ਦੇਣ। ਕਿੰਝ ਬਾਪ ਅਗੇ ਬੋਲਦੀ ਏ।

ਰਵੀ : ਜੇ ਡੈਡੀ ਪੱਛਮੀ ਸਭਿਅਤਾ ਨਾਲ ਏਨੀਂ ਹੀ ਚਿੜ ਏ ਤਾਂ ਉਥੇ ਇੰਡੀਆ ਹੀ ਰਹਿਣਾ ਸੀ ਇਥੇ ਕੀ ਕਰਨ ਆਏ ਸੀ, ਰਹਿਣਾ ਕੈਨੇਡਾ ਵਿਚ ਤੇ ਗੱਲ ਕਰਨੀ ਮੋਗੇ ਦੀ। ਨੌਂ ਸਾਲ ਦੀ ਉਮਰ ਤੋਂ ਲੈ ਕੇ ਹੁਣ ਤੱਕ ਸਹਿਮੀ ਹੋਈ ਮੈਂ ਤੁਹਾਡੀ ਕਲਚਰ ਵੇਖਦੀ ਰਹੀ। ਕੰਮ ਤੋਂ ਆਉਣਾ ਤੇ ਫੇਰ ਕਿਸੇ ਪੱਬ ਵਿਚ ਜਾ ਵੜਣਾ। ਦੇਰ ਰਾਤ ਤੱਕ ਘਰ ਆਉਣਾ। ਬੀਵੀ ਨੂੰ ਗੰਦਾ ਬੋਲਣਾ, ਕੁੱਟਣਾ, ਮਾਰਨਾ। ਡੈਡੀ ਮੈਂ ਸਭ ਕੁਝ ਆਪਣੀਆਂ ਅੱਖਾਂ ਨਾਲ ਵੇਖਿਆਹੈ, ਮੈਂ ਕਦੋਂ ਭੁੱਲ ਸਕਦੀ ਹਾਂ, ਬੀਬੀ ਭਾਵੇਂ ਭੁੱਲ ਜਾਣ, ਮੈਂ ਨਹੀਂ ਭੁੱਲ ਸਕਦੀ, I hate you, I hate your this damn culture, ਹੁਣ ਦਸੋ ਕੀ ਕਹਿਣਾ ਚਾਹੁੰਦੇ ਹੋ ? (ਬਾਪ ਚੁੱਪ ਹੈ) ਹਾਂ ਹਾਂ ਕਹਿ ਦੇਵੋ ਮੈਂ ਤੇਰਾ ਬਾਪ ਹਾਂ, ਪਰ ਮੈਨੂੰ ਜਦੋਂ ਦੀ ਹੋਸ਼ ਆਈ ਏ ਮੈਂ ਤੁਹਾਨੂੰ ਕਦੀ ਬਾਪ ਦਾ ਦਰਜਾ ਨਹੀਂ ਦਿੱਤਾ ਕਿਉਂਕਿ ਤੁਸੀਂ ਮੈਨੂੰ ਕਦੀ ਧੀ ਦਾ ਦਰਜਾ ਨਹੀਂ ਦਿੱਤਾ। ਜੇ ਮੈਂ ਹੁਣ ਤੱਕ ਨਹੀਂ ਬੋਲੀ ਤਾਂ ਸਿਰਫ ਬੀਜੀ ਕਰਕੇ ਨਹੀਂ ਬੋਲੀ, ਮੈਂ ਉਹਨਾਂ ਦਾ ਦਿਲ ਨਹੀਂ ਦੁਖਾਉਣਾ ਚਾਹੁੰਦੀ ਸਾਂ – ਪਰ ਮੈਂ ਤੁਹਾਨੂੰ ਕਦੀ ਵੀ ਇਜਾਜ਼ਤ ਨਹੀਂ ਦੇਵਾਂਗੀ ਕਿ ਤੁਸੀਂ ਮੇਰੀ ਜ਼ਿੰਦਗੀ ਬਾਰੇ ਕੁਝ ਫੈਸਲਾ ਲਵੋ, I hate you, I hate that bastard , ਜਿਦੇ ਨਾਲ ਤੁਸੀਂ ਮੇਰੀ ਜ਼ਿੰਦਗੀ ਦਾ ਜੋੜ ਜੋੜਨਾ ਚਾਹੁੰਦੇ ਹੋ।

ਬਾਪ : ਵੇਖੀ ਜਾਏਗੀ।

ਮਾਂ : ਵੇਖੀ ਕੀ ਜਾਏਗੀ ? ਕੀ ਤੁਸੀਂ ਜ਼ਬਰਦਸਤੀ ਕਰੋਗੇ ?

ਬਾਪ : ਕਰਨੀ ਪਈ ਤਾਂ ਕਰਾਂਗਾ।

ਰਵੀ : ਫੇਰ ਮੇਰਾ ਵੀ ਜਵਾਬ ਏ ਕਿ ਵੇਖੀ ਜਾਏਗੀ।

ਬਾਪ : ਹਾਂ ਵੇਖੀ ਜਾਏਗੀ।

*(ਗੁੱਸੇ ਨਾਲ ਬਾਹਰ ਜਾਂਦਾ ਹੈ।)*

ਮਾਂ : ਧੀਏ, ਇਹ ਸਭ ਕੁਝ ਜੋ ਹੋਇਆ ਚੰਗਾ ਨਹੀਂ ਹੋਇਆ, ਤੈਨੂੰ ਆਪਣੇ ਡੈਡੀ ਅਗੇ ਇਸ ਤਰ੍ਹਾਂ ਨਹੀਂ ਬੋਲਣਾ ਚਾਹੀਦਾ ਸੀ।

ਰਵੀ : ਮੈਂ ਬੀਬੀ ਕਦੋਂ ਬੋਲਣਾ ਚਾਹੁੰਦੀ ਸਾਂ। ਮੈਂ ਤਾਂ ਚੁੱਪ ਚਾਪ ਆਪਣੇ ਰਾਹ 'ਤੇ ਚਲਣਾ ਚਾਹੁੰਦੀ ਸਾਂ ਪਰ ਡੈਡੀ ਨੇ ਖਾਹਮਖਾਹ ਜ਼ਿੱਦ ਕੀਤੀ। ਮੇਰੀ ਪਿਛਲੀ ਜ਼ਿੰਦਗੀ ਜੋ ਗੁਜ਼ਰੀ, ਉਹ ਗੁਜ਼ਰ ਗਈ, ਆਪਣੀ ਆਉਣ ਵਾਲੀ ਜ਼ਿੰਦਗੀ ਦੀ ਮੈਂ ਆਪ ਮਾਲਕ ਬਣਨਾ ਚਾਹੁੰਦੀ ਹਾਂ। ਮੈਂ ਇਹਦੇ ਲਈ ਮੇਹਨਤ ਕੀਤੀ ਏ।

ਮਾਂ : ਪਰ ਧੀਏ ਜ਼ਰੂਰੀ ਨਹੀਂ ਕਿ ਜੋ ਫੈਸਲਾ ਤੂੰ ਕਰੇਂ, ਠੀਕ ਕਰੇਂ।

ਰਵੀ : ਪਰ ਇਹ ਵੀ ਜ਼ਰੂਰੀ ਨਹੀਂ ਕਿ ਜੋ ਫੈਸਲਾ ਡੈਡੀ ਲੈਣ ਉਹ ਠੀਕ ਹੋਵੇ ਤੇ ਜਿਸ proposal ਬਾਰੇ ਡੈਡੀ ਗੱਲ ਕਰ ਰਹੇ ਨੇ, ਉਹਦੇ ਬਾਰੇ ਮੈਂ 100 percent sure ਹਾਂ ਕਿ ਉਹ 100 percent ਗਲਤ ਏ।

ਮਾਂ : ਮੈਂ ਤੇਰੇ ਡੈਡੀ ਨੂੰ ਸਮਝਾਵਾਂਗੀ।

ਰਵੀ : ਬੀਜੀ, ਉਹ ਤੁਹਾਡੇ ਕਹੇ ਨਹੀਂ ਸਮਝਣਗੇ, ਪਰ ਹਾਂ ਜੋ ਕੁਝ ਅੱਜ ਹੋਇਆ ਹੈ, ਉਸਦੇ ਬਾਅਦ ਸ਼ਾਇਦ ਸਮਝ ਜਾਣ। I am sorry ਕਿ ਮੈਨੂੰ ਇਹ ਸਭ ਕੁਝ ਕਰਨਾ ਪੈਣਾ ਸੀ। ਕਿ ਮੈਨੂੰ ਇਹ ਸਭ ਕੁਝ ਕਰਨਾ ਪਿਆ

ਮਾਂ : ਇਹ sorry ਤੈਨੂੰ ਆਪਣੇ ਡੈਡੀ ਅਗੇ ਕਰਨੀ ਪਵੇਗੀ।

ਰਵੀ : ਬੀਜੀ, ਤੁਸੀਂ ਕਹਿੰਦੇ ਹੋ ਤਾਂ ਜ਼ਰੂਰ ਕਰਾਂਗੀ। ਮੈਂ ਤੁਹਾਨੂੰ ਬਹੁਤ ਪਿਆਰ ਕਰਦੀ ਹਾਂ ਤੇ ਇਹ ਵੀ ਜਾਣਦੀ ਹਾਂ ਕਿ ਮੇਰੇ ਡੈਡੀ ਤੁਹਾਡੇ ਹਸਬੈਂਡ ਨੇ। ਉਹ ਤੁਹਾਡੇ ਸਭ ਕੁਝ ਨੇ, ਪਰ ਤੁਸੀਂ ਵੀ Promise ਕਰੋ ਕਿ ਤੁਸੀਂ ਮੇਰੀ ਮਦਦ ਕਰੋਗੇ.. ?

ਮਾਂ : Promise ?

ਰਵੀ : promise, – ਬੀਬੀ ਤੁਹਾਡਾ ਸਾਰਿਆਂ ਦਾ ਸਾਡੇ ਬਾਰੇ ਗਲਤ impression ਹੈ ਕਿ ਅਸੀਂ ਆਪਣੇ parents ਨੂੰ ਪਿਆਰ ਨਹੀਂ ਕਰਦੇ, ਉਹਨਾਂ ਦੀ respect ਨਹੀਂ ਕਰਦੇ, ਤੁਸੀਂ ਸਾਡੀ freedom ਦਾ ਇਹ ਮਤਲਬ ਲੈਂਦੇ ਹੋ ਕਿ ਅਸੀਂ vulgar ਹੋਣ ਤੋਂ ਸਿਵਾ ਕੁਝ ਨਹੀਂ ਪਰ ਤੁਸੀਂ ਗਲਤ ਹੋ, ਅਸੀਂ human values ਵਿਚ ਪੂਰਾ ਯਕੀਨ ਰਖਦੇ ਹਾਂ।

*(ਮਾਂ ਧੀ ਨੂੰ ਕਲਾਵੇ ਵਿਚ ਲੈਂਦੀ ਹੈ)*

ਮਾਂ : ਆ ਤੈਨੂੰ ਕੁਝ ਖਾਣ ਨੂੰ ਦੇਵਾਂ, ਤੇਰੇ ਡੇਡੀ ਦੇ ਆਉਣ 'ਤੇ ਪਤਾ ਨਹੀਂ ਕੀ ਤੂਫਾਨ ਉਠੇ। ਪਤਾ ਨਹੀਂ ਕਿਥੇ ਗਏ ਨੇ, ਜੇ ਤੇਰੇ ਅੰਕਲ ਸ਼ਿੰਗਾਰਾ ਸਿੰਘ ਕੋਲ ਗਏ ਨੇ ਫੇਰ ਕੋਈ ਫਿਕਰ ਨਹੀਂ। ਉਹ ਉਹਨਾਂ ਨੂੰ ਸਮਝਾ ਦੇਣਗੇ।

ਰਵੀ : ਹਾਂ ਬੀਜੀ, ਉਹ ਡੈਡੀ ਨੂੰ ਹੈਂਡਲ ਕਰਨਾ ਜਾਣਦੇ ਨੇ।

*(ਫੇਡ ਆਊਟ)*

(ਸ਼ਿੰਗਾਰਾ ਸਿੰਘ, ਗੁਰਦੇਵ ਸਿੰਘ ਨਾਲ ਗੱਲਾਂ ਕਰ ਰਿਹਾ ਹੈ।)

ਸ਼ਿੰਗਾਰਾ : ਦੇਖ ਗੁਰਦੇਵ ਸਿੰਘ, ਤੈਨੂੰ ਜਲਦੀ ਵਿਚ ਕੋਈ ਕਦਮ ਨਹੀਂ ਚੁਕਣਾ ਚਾਹੀਦਾ ਤੇ ਨਾ ਹੀ ਜਲਦੀ ਵਿਚ ਕੋਈ ਫੈਸਲਾ ਲੈਣਾ ਚਾਹੀਦਾ ਏ। ਇਹ ਅੱਗ ਘਰ ਘਰ ਫੈਲੀ ਏ। ਸਾਡੇ ਬਚੇ ਉਸ ਤਰ੍ਹਾਂ ਨਹੀਂ ਸੋਚਦੇ ਜਿਸ ਤਰ੍ਹਾਂ ਅਸੀਂ ਸੋਚਦੇ ਹਾਂ ਤੇ ਇਹ ਸੱਚ ਵੀ ਏ ਕਿ ਉਹ ਇਸ ਤਰ੍ਹਾਂ ਸੋਚ ਵੀ ਨਹੀਂ ਸਕਦੇ। ਉਹ ਉਹਨਾਂ ਹਾਲਤਾਂ ਵਿਚ ਨਹੀ ਜੰਮੇ ਪਲੇ ਜਿਨ੍ਹਾਂ ਵਿਚ ਅਸੀਂ ਜੰਮੇ ਪਲੇ ਹਾਂ।

ਗੁਰਦੇਵ : ਪਰ ਇਹਦਾ ਇਹ ਵੀ ਮਤਲਬ ਨਹੀਂ ਕਿ ਉਹ ਸਾਡੇ ਸਿਰ ਦੇ ਵਾਲਾਂ ਨੂੰ ਆਉਣ। ਉਹ ਇਹੀ ਸਮਝਣ ਕਿ ਜੋ ਕੁਝ ਉਹ ਸੋਚਦੇ ਨੇ, ਉਹੀ ਠੀਕ ਏ ਤੇ ਜੋ ਕੁਝ ਅਸੀਂ ਸੋਚਦੇ ਹਾਂ, ਉਹ ਗਲਤ ਏ।

ਸ਼ਿੰਗਾਰਾ : ਇਹ ਗੱਲ ਸਾਡੇ ਉਤੇ ਵੀ ਲਾਗੂ ਹੁੰਦੀ ਏ, ਅਸੀਂ ਵੀ ਤਾਂ ਇਹੀ ਮੰਨਿਆ ਹੋਇਆ ਹੈ ਕਿ ਜੋ ਕੁਝ ਅਸੀਂ ਸੋਚਦੇ ਹਾਂ ਉਹ ਠੀਕ ਏ ਤੇ ਜੋ ਕੁਝ ਉਹ ਸੋਚਦੇ ਨੇ ਉਹ ਗਲਤ ਏ, ਉਹ ਲੁੱਚਪਣਾ ਏ।

ਗੁਰਦੇਵ : ਜੇ ਕੋਈ ਜਵਾਨ ਕੁੜੀ ਰਾਤ ਦੇ ਦਸ ਦਸ ਵਜੇ ਤੱਕ ਦੋਸਤਾਂ ਯਾਰਾਂ ਨਾਲ ਹੋਟਲਾਂ ਵਿਚ ਗਾਣੇ ਸੁਣਦੀ ਰਵ੍ਹੇ, ਨਾਚ ਨਚਦੀ ਰਹੇ ਤਾਂ ਇਹ ਲੁੱਚਪੁਣਾ ਨਹੀਂ ਤਾਂ ਹੋਰ ਕੀ ਏ ?

ਸ਼ਿੰਗਾਰਾ : ਤੂੰ ਸਿਾਲ ਦੇਣ ਲਗਿਆ ਹਰ ਵੇਲੇ ਕੁੜੀਆਂ ਦੀ ਮਿਸਾਲ ਕਿਉਂ ਦੇਂਦਾ ਏ, ਮੁੰਡੇ ਵੀ ਤਾਂ ਬਾਹਰ ਰਹਿੰਦੇ ਨੇ।

ਗੁਰਦੇਵ : ਮੁੰਡਿਆਂ ਦੀ ਗੱਲ ਹੋਰ ਏ।

ਸ਼ਿੰਗਾਰਾ : ਕਿਉਂਕਿ ਮੁੰਡਿਆਂ ਦੇ ਅੱਧੀ ਰਾਤ ਬਾਹਰ ਰਹਿਣ ਨਾਲ ਸਾਡੀ ਆਪਣੀ ਬੀਤੀ ਹੋਈ ਜ਼ਿੰਦਗੀ ਜੁੜੀ ਹੋਈ ਏ। ਅਸੀਂ ਆਪ ਅੱਧੀ ਰਾਤ ਤੱਕ ਬਾਹਰ ਰਹਿੰਦੇ ਸਾਂ, ਡਿੱਗਦੇ ਢਹਿੰਦੇ ਘਰਾਂ ਵਿਚ ਆ ਵੜਦੇ ਸਾਂ ਤੇ ਆਪਣੇ ਘਰ ਵਾਲੀਆਂ ਨਾਲ ਬੇਹੁਦਗੀ ਨਾਲ ਪੇਸ਼ ਆਉਂਦੇ ਸਾਂ ਤੇ ਉਹ ਸਭ ਕੁਝ ਬਰਦਾਸਤ ਕਰਦੀਆਂ ਸਨ। ਹੋਰ ਉਹ

ਕਰ ਵੀ ਕੀ ਸਕਦੀਆਂ ਸਨ ? ਉਹ ਵੀ ਤਾਂ ਇਕ ਮਰਦ ਪ੍ਰਧਾਨ ਸਭਿਆਚਾਰ ਦੀ ਦੇਣ ਸਨ। ਇਹ ਸਾਡੀ ਪੀੜ੍ਹੀ ਦੀ ਦਾਸਤਾਨ ਸੀ।

ਗੁਰਦੇਵ : ਸਾਡੀ ਪੀੜ੍ਹੀ ?

ਸ਼ਿੰਗਾਰਾ : ਹਾਂ ਸਾਡੀ ਪੀੜ੍ਹੀ ਪਿਛਲੇ ਸਭਿਆਚਾਰ ਅਤੇ ਕਦਰਾਂ ਤੇ ਚੌਖਟੇ ਵਿਚ ਰਹਿੰਦੀ ਤਸੱਲੀ ਮਹਿਸੂਸ ਕਰਦੀ ਸੀ। ਬਿਨਾਂ ਕਿੰਤੂ ਕੀਤਿਆਂ ਸਮਾਜਕ ਪਹੀਏ ਦੀਆਂ ਲੀਹਾਂ 'ਤੇ ਤੁਰੇ ਰਹਿਣ ਨਾਲ ਉਹਨਾਂ ਦੀ ਇਜ਼ਤਦਾਰੀ ਦਾ ਓਹਲਾ ਬਣਿਆ ਰਹਿੰਦਾ ਸੀ। ਪਰ ਸਾਡੀ ਦੂਜੀ ਪੀੜ੍ਹੀ ਦੀਆਂ ਇਹ ਮਜ਼ਬੂਰੀਆਂ ਨਹੀਂ ਹਨ। ਖੁਲ੍ਹੇ ਪਛਮੀਂ ਸਮਾਜ ਵਿਚ ਜੰਮੇ ਪਲੇ ਸਾਡੇ ਬੱਚਿਆਂ ਨੂੰ ਇਹੋ ਜਿਹਾ ਸਭਿਆਚਾਰ ਤਾਣਾ ਬਾਣਾ ਓਪਰਾ ਅਤੇ ਭੇਖੀ ਲਗਦਾ ਹੈ।

ਗੁਰਦੇਵ : ਕੀ ਅਸੀ ਭੇਖੀ ਹਾਂ ?

ਸ਼ਿੰਗਾਰਾ : ਜੇ ਭੇਖੀ ਨਹੀਂ ਤਾਂ ਸਮੇਂ ਤੋਂ ਕੁਝ ਪਛੜੇ ਜ਼ਰੂਰ ਗਏ ਹਾਂ, ਅਤੇ ਆਪਣੇ ਆਪ ਇਕ ਸੰਕਟ ਵਿਚ ਫਸੇ ਹਾਂ। ਇਹ ਸੰਕਟ ਦਰਅਸਲ ਸਾਡੀ ਪੀੜ੍ਹੀ ਦਾ ਮਾਨਸਕ ਸੰਕਟ ਹੈ। ਅਸੀਂ ਆਪਣੀ ਅਗਲੀ ਪੀੜ੍ਹੀ ਨੂੰ ਮਲੋਮਲੀ ਉਸ ਵਿਚ ਨਰੜਿਆ ਹੋਇਆ ਹੈ। ਦੂਜੀ ਪੀੜ੍ਹੀ ਦਾ ਸੰਕਟ ਤਾਂ ਹੈ ਹੀ ਕੋਈ ਨਹੀਂ। ਸੁਣਦਾ ਪਿਆ ਏਂ ?

ਗੁਰਦੇਵ : ਹਾਂ ਸੁਣਦਾ ਪਿਆ ਹਾਂ ਤੂੰ ਬੋਲੀ ਜਾ।

ਸ਼ਿੰਗਾਰਾ : ਸਾਡੀ ਪੀੜ੍ਹੀ ਦਰਅਸਲ ਇਸ ਸੰਕਟ ਨੂੰ ਦੇਸੋਂ ਤੁਰਨ ਸਮੇਂ ਨਾਲ ਲੈ ਕੇ ਆਈ ਹੈ, ਜਿਵੇਂ ਕਹਿੰਦੇ ਹੁੰਦੇ ਨੇ ਕਿ ਹਰ ਪ੍ਰਵਾਸੀ ਭਾਰਤੀ ਦੀ ਸਭਿਅਚਾਰਕ ਘੜੀ ਦੀਆਂ ਸੂਈਆਂ ਕੈਨੇਡਾ ਏਅਰਪੋਰਟ ਪਹੁੰਚਦਿਆਂ ਹੀ ਖਲੋ ਜਾਂਦੀਆਂ ਹਨ। ਰਹਿਣਾ ਅਸੀਂ ਇਥੇ ਹੈ, ਰੀਟਾਇਰਮੈਂਟ ਅਤੇ ਪੈਨਸ਼ਨ ਇਥੇ, ਬੱਚਿਆਂ ਦਾ ਭਵਿੱਖ ਇਥੇ। ਨਸਲਵਾਦ ਤੋਂ ਲੈਕੇ ਆਰਥਿਕ ਮੰਦਵਾੜੇ ਸਮੇਤ ਏਨੇ ਮਸਲੇ ਸਾਡੇ ਧਿਆਨ ਦੀ ਮੰਗ ਕਰਦੇ ਨੇ ਪਰ ਸਾਡੇ ਅਦਾਰਿਆਂ ਦਾ ਬਹੁਤਾ ਸਮਾਂ ਪੰਜਾਬ ਵਿਚ ਚਲਦੇ ਕਾਂਗਰਸ ਅਤੇ ਅਕਾਲੀ ਦੇ ਝਗੜਿਆਂ 'ਤੇ ਲਗਦਾ ਹੈ, ਤੂੰ ਦੱਸ ਤੈਨੂੰ ਤਕਲੀਫ ਕੀ ਏ ? ਰਹਿਣਾ ਅਸੀਂ ਕਨੇਡਾ ਏ ਪਰ ਗੱਲ ਮੋਗੇ ਦੀ ਕਰੀਦੀ ਏ।

ਗੁਰਦੇਵ : ਮੈਨੂੰ ਤਕਲੀਫ ਏ ਕਿ ਰਵੀ ਆਪਣੇ ਸਭਿਆਚਾਰ ਤੋਂ ਬੇਮੁੱਖ ਏ, ਉਹ ਗੁਸਤਾਖ ਏ।

ਸ਼ਿੰਗਾਰਾ : ਕਿਹੜਾ ਸਭਿਆਚਾਰ ?

ਗੁਰਦੇਵ : ਜਿਹੜਾ ਸਭਿਆਚਾਰ ਵੱਡਿਆਂ ਦਾ ਆਦਰ ਸਿਖਾਉਂਦਾ ਏ।

ਸ਼ਿੰਗਾਰਾ : ਜੇ ਮੈਂ ਕਵਾਂ ਕਿ ਅਸੀਂ ਆਪਣੇ ਸਭਿਆਚਾਰ ਤੋਂ ਬੇਮੁੱਖ ਹਾਂ। ਸਾਡਾ

ਸਭਿਆਚਾਰ ਕਦੀ ਵੀ ਸ਼ਰਾਬ ਖਾਨਿਆਂ ਦਾ ਸਭਿਆਚਾਰ ਨਹੀਂ ਰਿਹਾ।

ਗੁਰਦੇਵ : ਪਰ ਜਿਸ ਮੁਲਕ ਵਿਚ ਆਈਏ, ਉਹਦਾ ਸਭਿਆਚਾਰ ਅਪਣਾਉਣਾ ਪੈਂਦਾ ਏ।

ਸ਼ਿੰਗਾਰਾ : ਫੇਰ ਬੱਚਿਆਂ 'ਤੇ ਇਲਜਾਮ ਦੇਂਦੇ ਹਾਂ ? ਉਹਨਾਂ ਨੇ ਵੀ ਇਥੋਂ ਦੇ ਸਭਿਆਚਾਰ ਨੂੰ ਅਪਣਾ ਲਿਆ ਏ। ਉਹ ਸਭਿਆਚਾਰ ਜਿਹੜਾ ਆਜ਼ਾਦੀ ਦਾ ਸਭਿਆਚਾਰ ਹੈ।

ਗੁਰਦੇਵ : ਨਹੀਂ ਜਿਹੜਾ ਲੁੱਚਪੁਣੇ ਦਾ ਦਾ ਸਭਿਆਚਾਰ ਏ।

ਸ਼ਿੰਗਾਰਾ : ਤੇ ਫੇਰ ਰੈਸਟੋਰੈਂਟਾ ਦਾ ਕਲਚਰ ਵੀ ਕੋਈ ਸਾਊਆਂ ਦਾ ਕਲਚਰ ਨਹੀਂ, ਤੇ ਮੇਰੇ ਦੋਸਤਾ, ਇਹ ਸਭ ਗੱਲਾਂ ਅਸੀਂ ਆਪਸ ਵਿਚ ਜੁੜੀਆਂ ਹੋਈਆਂ। ਦੋ ਘੜੀਆਂ ਦੀ ਬੇਗਾਨਗੀ ਇਸ ਨਾਲ ਜੁੜੀ ਹੋਈ ਏ।

ਗੁਰਦੇਵ : ਦੋ ਘੜੀਆਂ ਦੀ ਬੇਗਾਨਗੀ ?

ਸ਼ਿੰਗਾਰਾ : ਸਾਡੀ ਟੱਬਰਾਂ ਦੀ ਉਹ ਜ਼ਿੰਦਗੀ ਹੀ ਨਹੀਂ, ਜੋ ਆਪਣੇ ਦੇਸ਼ ਹੁੰਦੀ ਸੀ। ਟੱਬਰ ਜੇ ਰੱਲਕੇ ਬੈਠੇਗਾ ਨਹੀਂ, ਇਕ ਦੂਜੇ ਨੂੰ ਸਮਝੇਗਾ ਨਹੀਂ ਤਾਂ ਸੰਕਟ ਹਲ ਕਿਸ ਤਰ੍ਹਾਂ ਹੋਣਗੇ ?

ਗੁਰਦੇਵ : ਕੰਮ 'ਤੇ 8-10 ਘੰਟੇ, ਦੋ ਤਿੰਨ ਘੰਟੇ ਕੰਮਾਂ ਤੋਂ ਆਉਣ ਜਾਣ ਦੇ, ਸਮਾਂ ਹੀ ਕਿਥੇ ਟਬਰਾਂ ਵਾਸਤੇ ?

ਸ਼ਿੰਗਾਰਾ : ਤੇ ਜਿਹੜਾ ਸਮਾਂ ਹੈ, ਉਹ ਅਜਾਂਈ ਗੁਜ਼ਾਰ ਦੇਂਦੇ ਹਾਂ - ਚੱਲ ਹੁਣ ਘਰ ਚਲੀਏ, ਮੈਂ ਵੀ ਤੇਰੇ ਨਾਲ ਚਲਦਾ ਹਾਂ। ਮੈਂ ਯਕੀਨ ਨਾਲ ਕਹਿ ਸਕਣਾ ਹਾਂ ਕਿ ਰਵੀ ਇਕ ਸਿਆਣੀ ਕੁੜੀ ਏ, ਉਹ ਸਾਡੀ ਗੱਲ ਉਸੇ ਵੇਲੇ ਹੀ ਸਮਝੇਗੀ ਜੇ ਅਸੀਂ ਉਸਦੀ ਗੱਲ ਸਮਝਾਂਗੇ। ਬਾਪੂ ਜੀ ਦੀ ਉਹ ਹਰ ਗੱਲ ਮੰਨਦੀ ਏ।

ਗੁਰਦੇਵ : ਬਾਪੂ ਜੀ ਨੇ ਹੀ ਉਹਨੂੰ ਸਿਰੇ ਚਾੜਿਆ ਹੋਇਆ ਏ।

*(ਫੇਡ ਆਊਟ)*

ਸ਼ਿੰਗਾਰਾ : ਲੈ ਭਾਬੀ ਅਸੀਂ ਆਪਣੇ ਯਾਰ ਨੂੰ ਘਰ ਲੈ ਆਏ ਹਾਂ, ਰਵੀ ਕਿਥੇ ਏ?

ਮਾਂ : ਆਪਣੇ ਕਮਰੇ ਵਿਚ ਏ

ਗੁਰਦੇਵ : ਫੇਰ ਬੁਲਾ ਉਸਨੂੰ।

ਮਾਂ : ਕੀ ਤੁਸੀਂ ਗੁੱਸੇ ਨਹੀਂ ?

ਗੁਰਦੇਵ : ਨਹੀਂ - ਕੀ ਉਹ ਗੁੱਸੇ ਵਿਚ ਏ ?

ਮਾਂ : ਜੇ ਤੁਸੀਂ ਗੁੱਸੇ ਵਿਚ ਨਹੀਂ, ਤਾਂ ਉਹ ਕਿਉਂ ਹੋਵੇਗੀ ?

ਗੁਰਦੇਵ : ਉਹਨੂੰ ਕਹਿਦੇ ਮੈਂ ਉਸ ਨੂੰ ਵਾਪਸ ਲੈ ਲਿਆ ਹੈ – ਉਹਦੀ ਮਰਜ਼ੀ ਬਗੈਰ ਮੈਂ ਕਿਧਰੇ ਵੀ ਉਹਦਾ ਰਿਸ਼ਤਾ ਨਹੀਂ ਕਰਾਂਗਾ ਤੇ ਉਹ ਵੀ ਡੈਡੀ ਨਾਲ ਗੁਸਤਾਖੀ ਨਾਲ ਨਾ ਬੋਲੇ।

*(ਰਵੀ ਆ ਜਾਂਦੀ ਹੈ।)*

ਰਵੀ : ਮੈਨੂੰ ਪਤਾ ਹੈ, ਅੰਕਲ। ਕਿ ਮੈਂ ਡੈਡੀ ਅਗੇ ਗੁਸਤਾਖੀ ਨਾਲ ਬੋਲੀ ਹਾਂ, ਡੈਡੀ ਮੈਨੂੰ ਮੁਆਫ ਕਰ ਦੇਵੋ।

ਗੁਰਦੇਵ : ਨਹੀਂ ਮੁਆਫੀ ਤਾਂ ਮੈਨੂੰ ਸਗੋਂ ਆਪ ਮੰਗਣੀ ਚਾਹੀਦੀ ਏ।

*(ਮਿਲਦੇ ਹਨ)*

ਰਵੀ : ਮੇਰਾ ਬੜਾ ਜੀਅ ਕਰਦਾ ਸੀ ਕਿ ਤੁਹਾਡੀ ਗੋਦ ਵਿਚ ਬੈਠਾਂ, ਤੁਸੀਂ ਆਪਣੇ ਕਲਾਵੇ ਵਿਚ ਲੈਕੇ ਪਿਆਰ ਕਰੋ।

ਸ਼ਿੰਗਾਰਾ : ਲੋੜ ਹੈ ਕਿ ਅਸੀਂ ਇਕ ਨਿੱਕੀ ਜਿਹੀ ਸਚਾਈ ਨੂੰ ਸਮਝੀਏ ਕਿ ਅਸੀਂ ਹੁਣ ਇਸ ਦੇਸ਼ ਵਿਚ ਰਹਿਣਾ ਏ, ਤੇ ਇਥੋਂ ਦੀ ਜ਼ਿੰਦਗੀ ਵਿਚ ਆਪਣੇ ਹੱਕ ਲਈਏ। ਉਹਦੇ ਲਈ ਸੰਘਰਸ਼ ਕਰੀਏ ਪਰ ਇਹ ਸਭ ਕੁਝ ਤਾਂ ਹੀ ਕਰ ਸਕਦੇ ਹਾਂ ਕਿ ਅਸੀਂ ਇਥੋਂ ਦੇ ਲੋਕਾਂ ਨਾਲ ਜੁੜੀਏ।

ਗੁਰਦੇਵ : ਪਰ ਅਸੀਂ ਆਪਣੇ ਪਿਛੇ ਨੂੰ ਕਦੋਂ ਭੁੱਲ ਸਕਦੇ ਹਾਂ ?

ਰਵੀ : ਡੈਡੀ ਕੌਣ ਕਹਿੰਦਾ ਏ ਕਿ ਤੁਸੀਂ ਭੁਲੋ, ਪਰ ਸਾਡੇ ਕੋਲ ਇਹ ਉਮੀਦ ਨਾ ਰਖੋ ਕਿ ਅਸੀਂ ਉਹਨਾਂ ਕਦਰਾਂ ਕੀਮਤਾਂ ਨਾਲ ਉਸੇ ਤਰ੍ਹਾਂ ਜੁੜੀਏ ਜਿਸ ਤਰ੍ਹਾਂ ਤੁਸੀਂ ਜੁੜੇ ਹੋਏ ਹੋ।

ਸ਼ਿੰਗਾਰਾ : ਤੇ ਇਹ ਆਪਸੀ ਸਹਿਮਤੀ ਹੈ। ਸਾਡੇ ਘਰਾਂ ਦੀ ਖੁਸ਼ੀ ਹੈ।

*(ਇਕ ਮੁਦਰਾ ਵਿਚ ਫਰੀਜ਼ ਹੁੰਦੇ ਹਨ, ਮਾਂ ਇਕ ਟਰੇ ਵਿਚ ਸਾਰਿਆਂ ਲਈ ਚਾਹ ਲਿਆਉਂਦੀ ਹੈ।)*